# ਮੁੰਬਈ ਦੇ ਰੇਲ ਬੰਬ ਧਮਾਕੇ

11 ਜੁਲਾਈ ਨੂੰ ਮੰਬਈ ਦੀਆਂ ਰੇਲ ਗੱਡੀਆਂ ਵਿਚ ਹੋਏ ਬੰਬ ਧਮਾਕਿਆਂ ਨਾਲ ਦੋ ਸੌ ਦੇ ਕਰੀਬ ਲੋਕ ਮਾਰੇ ਗਏ ਤੇ ਕਈ ਸੈਂਕੜੇ ਫੱਟੜ ਹੋ ਗਏ ਹਨ। ਇਨ੍ਹਾਂ ਧਮਾਕਿਆਂ ਨੇ ਹਿੰਦੁਸਤਾਨ ਵਿਚ ਇਕ ਸਨਸਨੀ ਫੈਲਾ ਦਿਤੀ ਹੈ। ਕੁਦਰਤੀ ਹੈ ਕਿ ਲੋਕ ਇਨ੍ਹਾਂ ਧਮਾਕਿਆਂ ਲਈ ਜ਼ਿੰਮੇਵਾਰ ਵਿਅਕਤੀਆਂ ਜਾਂ ਜਥੇਬੰਦੀਆਂ ਨੂੰ ਸਜ਼ਾ ਦੇਣੀ ਅਤੇ ਦੁਆਉਣੀ ਚਾਹੁੰਦੇ ਹਨ।

ਪ੍ਰਧਾਨ ਮੰਤ੍ਰੀ ਮਨਮੋਹਨ ਸਿੰਘ ਨੇ ਲੋਕਾਂ ਨੂੰ ਸ਼ਾਂਤੀ ਅਤੇ ਤਹੱਮਲ ਦੀ ਅਪੀਲ ਕਰਦੇ ਹੋਏ ਕਿਹਾ ਹੈ ਕਿ ਕੋਈ ਫਿਰਕੂ ਹਿੰਸਾ ਨਹੀਂ ਕਰਨੀ ਚਾਹੀਦੀ ਹੈ। ਉਸਨੇ ਇਹ ਵੀ ਕਿਹਾ ਕਿ ਅਫਵਾਹਾਂ ਨਹੀਂ ਫੈਲਾਉਣੀਆਂ ਚਾਹੀਦੀਆਂ ਅਤੇ ਲੋਕਾਂ ਨੂੰ ਕਿਸੇ ਵੀ ਅਫਵਾਹ ਤੇ ਯਕੀਨ ਨਹੀਂ ਕਰਨਾ ਚਾਹੀਦਾ। ਪਰ ਫੇਰ ਆਪਣੀ ਹੀ ਸਲਾਹ ਦੇ ਖ਼ਿਲਾਫ਼ ਜਾਂਦੇ ਹੋਏ ਅਫਵਾਹ ਫੈਲਾਉਣ ਦੇ ਮੂਡ ਵਿਚ ਮਨਮੋਹਨ ਸਿੰਘ ਨੇ ਇਹ ਵੀ ਕਹਿ ਛੱਡਿਆ ਕਿ ਸਰਹੱਦ ਦੇ ਪਾਰ ਕੁਝ ਅੰਸਰਾਂ ਉਤੇ ਇਨ੍ਹਾਂ ਧਮਾਕਿਆਂ ਦਾ ਸ਼ੱਕ ਜਾਂਦਾ ਹੈ। ਇਹੋ ਜਿਹੀ ਗੱਲ ਕਰਦਿਆਂ ਮਨਮੋਹਨ ਸਿੰਘ ਨੇ ਹਿੰਦੁਸਤਾਨੀ ਹਾਕਮ ਟੋਲੇ ਦਾ ਝੂਠ ਅਤੇ ਫਰੇਬ ਹੀ ਦੁਹਰਾਇਆ ਹੈ ਕਿਉਂਕਿ ਤਾਰੀਖ਼ ਗਵਾਹ ਹੈ ਕਿ ਫਿਰਕੂ ਹਿੰਸਾ ਨੂੰ ਸਮੇਂ ਦੀ ਸਰਕਾਰ ਅਤੇ ਰਾਜਤੰਤ੍ਰ ਖ਼ੁਦ ਹੀ ਜੱਥੇਬੰਦ ਕਰਦੇ ਆਏ ਹਨ ਅਤੇ ਹਰ ਤਰ੍ਹਾਂ ਦੀਆਂ ਫ਼ਾਹਸ਼ ਅਫਵਾਹਾਂ ਵੀ ਇਹ ਆਪ ਹੀ ਫੈਲਾਉਂਦੇ ਹਨ। ਕਾਂਗਰਸ ਦੇ ਹੀ ਇਕ ਹੋਰ ਆਗੂ, ਜਿਹਨੇ ਦਹਿਸ਼ਤਗਰਦੀ ਖ਼ਿਲਾਫ਼ ਮੋਰਚਾ ਬਣਾਇਆ ਹੋਇਆ ਹੈ, ਨੇ ਪਾਕਿਸਤਾਨ ਖ਼ਿਲਾਫ਼ ਲੋਕਾਂ ਨੂੰ ਉਕਸਾਉਣ ਲਈ ਮੁਜ਼ਾਹਰੇ ਵੀ ਕੀਤੇ ਹਨ।

ਪੁਲਿਸ ਅਤੇ ਹੋਰ ਅਜੰਸੀਆਂ ਤਫ਼ਤੀਸ਼ ਕਰ ਰਹੀਆਂ ਹਨ ਪਰ ਹਾਲੇ ਤੱਕ ਕੋਈ ਪਤਾ ਨਹੀਂ ਲੱਗਾ ਕਿ ਇਨ੍ਹਾਂ ਧਮਾਕਿਆਂ ਲਈ ਕੌਣ ਜ਼ਿੰਮੇਵਾਰ ਹੈ। ਮੰਬਈ ਵਿਚ ਪੁਲਿਸ ਨੇ ਸੈਂਕੜੇ ਹੀ ਲੋਕਾਂ ਨੂੰ ਹਿਰਾਸਤ ਵਿਚ ਲੈ ਲਿਆ ਹੈ ਅਤੇ ਪੁੱਛਗਿੱਛ ਕਰ ਰਹੀ ਹੈ। ਧਮਾਕਿਆਂ ਦੇ ਫੌਰਨ ਬਾਅਦ ਪੁਲਿਸ ਨੇ ਕਿਹਾ ਸੀ ਉਨ੍ਹਾਂ ਨੂੰ ਪਹਿਲਾਂ ਤੋਂ ਹੀ ਕੁਝ ਸੂਹ ਸੀ ਕਿ ਕੋਈ ਇਹੋ ਜਿਹਾ ਹਾਦਸਾ ਹੋਵੇਗਾ।

ਲੋਕਾਂ ਦੀ ਇਸ ਤ੍ਰਿਸਾਦੀ ਤੋਂ ਹਰੇਕ ਸਿਆਸੀ ਪਾਰਟੀ ਦੇ ਲੀਡਰ ਸਿਆਸੀ ਫ਼ਾਇਦਾ ਉਠਾਉਣ ਦੀ ਕੋਸ਼ਿਸ਼ ਵਿਚ ਹਨ। ਸੋਨੀਆਂ ਗਾਂਧੀ ਨੇ ਵੀ ਉਸੇ ਦਿਨ ਮੌਕੇ ਤੇ ਜਾ ਕੇ ਬਿਆਨਬਾਜ਼ੀ ਕੀਤੀ। ਲਾਲੂ ਪ੍ਰਸ਼ਾਦ ਯਾਦਵ ਨੇ ਧਮਾਕੇ ਵਿਚ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਨੂੰ ਪੰਜ ਲੱਖ ਰੁਪੱਏ ਹਰਜਾਨਾ ਦੇਣ ਦਾ ਐਲਾਨ ਕੀਤਾ ਹੈ। ਪ੍ਰਧਾਨ ਮੰਤ੍ਰੀ ਸਮੇਤ ਹੋਰ ਸਿਆਸੀ ਲੀਡਰ ਵੀ ਅਫਵਾਹਾਂ ਦਾ ਬਾਜ਼ਾਰ ਗਰਮ ਕਰ ਰਹੇ ਹਨ ਅਤੇ ਊਲ ਜਲੂਲ ਬਿਆਨ ਦੇ ਕੇ ਲੋਕਾਂ ਵਿਚ ਦੁਫੇੜ ਪਾਉਣਾ ਚਾਹੁੰਦੇ ਹਨ।

ਦਹਿਸ਼ਤਗਰਦੀ ਹਮੇਸ਼ਾ ਲੋਕਾਂ ਦੇ ਹਿਤਾਂ ਤੇ ਹੀ ਸੱਟ ਮਾਰਦੀ ਹੈ। ਹਾਕਮ ਟੋਲਾ ਇਹਨੂੰ ਲੋਕ ਘੋਲਾਂ ਉਤੇ ਹੋਰ ਤਿਖੇ ਹਮਲੇ ਕਰਨ ਲਈ ਵਰਤਦਾ ਹੈ। ਦਹਿਸ਼ਤਗਰਦਾਂ ਨੂੰ ਹਾਕਮ ਟੋਲਾ ਅਤੇ ਓਸਦਾ ਰਾਜਤੰਤ੍ਰ ਹੀ ਪਾਲਦਾ ਅਤੇ ਲੋੜ ਪੈਣ ਤੇ ਆਪ ਸ਼ਹਿ ਦੇ ਕੇ ਲੋਕਾਂ ਖ਼ਿਲਾਫ਼ ਵਰਤਦਾ ਹੈ। ਅਖ਼ਬਾਰਾਂ ਅਤੇ ਹਾਕਮ ਜਮਾਤਾਂ ਦਾ ਹੋਰ ਮੀਡੀਆ, ਹਾਕਮ ਟੋਲੇ ਦੇ ਨੁਮਾਇੰਦੇ, ਇਨ੍ਹਾਂ ਧਮਾਕਿਆਂ ਨੂੰ ਲੈ ਕੇ ਲੋਕਾਂ ਅਤੇ ਉਨ੍ਹਾਂ ਦੇ ਘੋਲਾਂ ਦੇ ਖ਼ਿਲਾਫ਼ ਪ੍ਰਚਾਰ ਕਰ ਰਹੇ ਹਨ ਅਤੇ ਦਲੀਲਬਾਜ਼ੀ ਕਰ ਰਹੇ ਹਨ ਕਿ ਦਹਿਸ਼ਗਰਦੀ ਦੇ ਖ਼ਿਲਾਫ਼ ਹੋਰ ਕਾਲੇ ਕਾਨੂੰਨ ਬਣਾਉਣੇ ਚਾਹੀਦੇ ਹਨ। ਪੰਜਾਬ ਦੇ ਬੁੱਚੜ, ਕੰਵਰਪ੍ਰਤਾਪ ਸਿੰਘ ਗਿੱਲ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਮੁੰਬਈ ਦੇ ਧਮਾਕੇ ਇਸ ਕਰਕੇ ਹੋਏ ਹਨ ਕਿਉਂਕਿ ਪੁਲਿਸ ਅਤੇ ਫੌਜ ਨੂੰ ਪੂਰੀ ਖੁੱਲ੍ਹ ਨਹੀਂ ਹੈ।

ਵਿਅਕਤੀਗਤ ਦਹਿਸ਼ਤਗਰਦੀ ਅਤੇ ਸਰਕਾਰੀ ਦਹਿਸ਼ਤਗਰਦੀ ਲੋਕਾਂ ਖ਼ਿਲਾਫ਼ ਵਰਤਣ ਲਈ ਹਾਕਮ ਟੋਲੇ ਦੇ ਮਨਭਾਉਂਦੇ ਹਥਿਆਰ ਹਨ। ਲੋਕਾਂ ਦੀ ਏਕਤਾ ਅਤੇ ਜਦੋਜਹਿਦ ਨੂੰ ਕਮਜ਼ੋਰ ਕਰਨ ਲਈ ਹਾਕਮ ਤਬਕਾ ਇਹ ਹਥਿਆਰ ਸਦਾ ਹੀ ਵਰਤਦਾ ਆਇਆ ਹੈ। ਲਗਦਾ ਹੈ ਕਿ ਮੁੰਬਈ ਧਮਾਕਿਆਂ ਨੂੰ ਇਕ ਬਹਾਨਾ ਬਣਾ ਕੇ ਹੁਣ ਇਹ ਲੋਕਾਂ ਦੇ ਘੋਲਾਂ ਉਤੇ ਹੋਰ ਵੱਡੇ ਹਮਲਿਆਂ ਦੀ ਤਿਆਰੀ ਕਰ ਰਿਹਾ ਹੈ।

ਅਮਰੀਕਾ ਵੀ ਕਾਫ਼ੀ ਅਰਸੇ ਤੋਂ ਹਿੰਦੁਸਤਾਨ ਦੀ ਸਰਕਾਰ ਉਤੇ ਅਫ਼ਗਾਨਿਸਤਾਨ ਵਿਚ ਅਮਰੀਕੀ ਫੌਜ ਦੀ ਮੱਦਦ ਲਈ ਹਿੰਦੁਸਤਾਨੀ ਫ਼ੌਜ ਭੇਜਣ ਲਈ ਜ਼ੋਰ ਪਾ ਰਿਹਾ ਹੈ ਪਰ ਲੋਕਾਂ ਦੇ ਵਿਰੋਧ ਕਰਕੇ ਹਿੰਦੁਸਤਾਨ ਦੀ ਸਰਕਾਰ ਨੇ ਇਹ ਕੰਮ ਅਜੇ ਤੱਕ ਨਹੀਂ ਕੀਤਾ। ਮੁਮਕਿਨ ਹੈ ਕਿ ਸਰਕਾਰ ਤੇ ਹਾਕਮ ਟੋਲਾ ਹੁਣ ਇਨ੍ਹਾਂ ਧਮਾਕਿਆਂ ਨੂੰ ਵਰਤ ਕੇ ਅਮਰੀਕਾ ਦੀ ਮਦਦ ਲਈ ਅਫਗਾਨਿਸਤਾਨ ਵਿਚ ਹਿੰਦੁਸਤਾਨੀ ਫੌਜ ਭੇਜਣ ਲਈ ਲੋਕ ਰਾਏ ਕਾਇਮ ਕਰਨ ਦੀ ਵੀ ਕੋਸ਼ਿਸ਼ ਕਰੇ। ਲੋਕਾਂ ਨੂੰ ਹਾਕਮ ਟੋਲੇ ਅਤੇ ਉਨ੍ਹਾਂ ਦੇ ਰਾਜਤੰਤ੍ਰ ਦੀਆਂ ਚਾਲਾਂ ਤੋਂ ਬਹੁਤ ਖ਼ਬਰਦਾਰ ਰਹਿਣ ਦੀ ਲੋੜ ਹੈ